# ਨਵੀਂ ਸਦੀ ਦੀ ਨਵੀਂ ਨਸਲ: ਆਰੰਭਕ ਸ਼ਬਦ

"ਨਵੀਂ ਸਦੀ ਦੀ ਨਵੀਂ ਨਸਲ" 2013 ਵਿਚ, ਪਹਿਲੀ ਵਾਰ ਪ੍ਰਕਾਸ਼ਤ ਹੋ ਰਿਹਾ, ਮੇਰਾ ਉੱਨ੍ਹੀਂਵਾਂ ਤੇ ਨਵਾਂ ਕਾਵਿ-ਸੰਗ੍ਰਹਿ ਹੈ, ਜਿਸ ਵਿਚ ਮੇਰੀਆਂ ਜਨਵਰੀ, 2010 ਤੋਂ ਜਨਵਰੀ, 2013 ਤਕ ਲਿਖੀਆਂ, ਕਵਿਤਾਵਾਂ ਸ਼ਾਮਿਲ ਹਨ।

ਇਸ ਸੰਗ੍ਰਹਿ ਦੀਆਂ ਕਵਿਤਾਵਾਂ, ਨਵੀਂ ਸਦੀ ਦੀ, ਇਸ ਨਵੀਂ ਨਸਲ ਦੇ, ਬਦਲੇ ਹੋਏ ਮੁੱਲਾਂ ਨੂੰ, ਉਨ੍ਹਾਂ ਦੇ ਬਦਲੇ ਹੋਏ ਸੰਦਰਭਾਂ ਵਿਚ, ਸਮਝਣ ਤੇ ਸਿਰਜਣ ਦਾ ਹੀ ਇਕ ਚੇਤੰਨ ਤੇ ਕਲਾਤਮਕ ਉਪਰਾਲਾ ਹਨ।

ਹਿੰਸਾ, ਨਸ਼ੀਲੇ ਪਦਾਰਥ, ਕਤਲ, ਬਲਾਤਕਾਰ, ਜੁਰਮ, ਤਸਕਰੀ, ਦੇਹ-ਵਿਓਪਾਰ, ਭ੍ਰਿਸ਼ਟਾਚਾਰ, ਗੰਧਲੀ ਰਾਜਨੀਤੀ, ਦਹਿਸ਼ਤ, ਬਹੁ-ਰਾਸ਼ਟਰੀ ਕੰਪਨੀਆਂ, ਵਿਸ਼ਵੀਕਰਨ ਅਤੇ ਅਨਿਸ਼ਚਤ ਭਵਿੱਖ ਨਾਲ ਜੂਝਦੀ ਹੋਈ ਨਵੀਂ ਨਸਲ, ਕਈ ਉਲਾਰ ਰੁਚੀਆਂ, ਮਨੋਗੁੰਝਲਾਂ ਤੇ ਉਲਝਣਾਂ ਦਾ ਸ਼ਿਕਾਰ ਹੋ ਰਹੀ ਹੈ।

ਟੱਬਰ ਦੀ ਪਰਚੱਲਤ ਪ੍ਰਥਾ ਤੋਂ ਉਪਰਾਮ ਤੇ ਬੇਮੁੱਖ ਹੋ ਰਹੀ ਇਹ ਨਵੀਂ ਨਸਲ, ਮਾਨਵੀ ਰਿਸ਼ਤਿਆਂ ਨੂੰ ਪੁਨਰ-ਪਰਿਭਾਸ਼ਤ ਕਰਦੀ ਹੋਈ, ਉਨ੍ਹਾਂ ਦੇ ਨਵੇਂ ਸਮੀਕਰਨ ਪ੍ਰਸਤੁਤ ਕਰਨ ਦੇ ਆਹਰ ਵਿਚ ਹੈ।

ਜਦੋਂ ਮੈਂ ਇਸ ਸੰਗ੍ਰਹਿ ਦਾ ਨਾਮਕਰਨ ਕਰਨ ਵਾਲੀ ਮੁੱਖ ਕਵਿਤਾ: *"ਨਵੀਂ ਸਦੀ ਦੀ ਨਵੀਂ ਨਸਲ"* ਦੀ ਰਚਨਾਂ ਕਰਨ ਬਾਰੇ ਸੋਚਿਆ ਸੀ, ਤਾਂ ਸਹਿਜ-ਸੁਭਾ ਹੀ, ਮੈਨੂੰ ਏਸ ਸਥਿਤੀ ਵਿਚ ਵਿਚਰ ਰਹੀ, ਇਸ *"ਨਵੀਂ ਨਸਲ"* ਦੀ ਤਸਵੀਰ-ਕਸ਼ੀ ਲਈ, ਸਿਨਮੈਟਿਕ ਤਕਨੀਕ ਹੀ, ਇਕ ਯੋਗ ਮਾਧਿਅਮ ਜਾਪਿਆ ਸੀ। ਇਸ ਕਾਰਜ ਦੀ ਪੂਰਤੀ ਲਈ, ਮੈਂ ਦਰਸ਼ਨੀ ਪ੍ਰਭਾਵਾਂ(***Visuals***) ਨੂੰ ਇਕ ਕਾਰਗਰ ਹੱਥਿਆਰ ਵਜੋਂ ਵਰਤਣਾ ਚਾਹੁੰਦਾ ਸਾਂ।

ਇਹ ਕਵਿਤਾ ਜਦੋਂ *"ਪੰਜਾਬੀ ਮਾਂ"(**www.punjabimaa.com**)* ਵੈਬ ਮੈਗਜ਼ੀਨ ਵਿਚ, ਦਸੰਬਰ, 2012 ਦੇ ਅੰਕ ਵਿਚ ਪ੍ਰਕਾਸ਼ਤ ਹੋਈ, ਤਾਂ ਨੌਜਵਾਨ ਸ਼ਾਇਰ ਦਰਸ਼ਨ ਦਰਵੇਸ਼ ਨੇ, ਇਸ ਕਵਿਤਾ ਬਾਰੇ ਆਪਣੀ ਰਾਏ, ਹੇਠ ਲਿਖੇ ਸ਼ਬਦਾਂ ਵਿਚ, ਏਸ ਪਰਚੇ ਵਿਚ ਪੋਸਟ ਕੀਤੀ ਅਤੇ ਉਸ ਦੀ ਇਕ ਕਾਪੀ, ਈ-ਮੇਲ ਦੁਆਰਾ, ਮੈਨੂੰ ਵੀ ਭੇਜੀ:

*"ਕਵਿਤਾ ਦੇ ਵਿਚ ਏਨੀਆਂ ਜ਼ਿਆਦਾ ਪਰਤਾਂ ਖੋਲ੍ਹੀਆਂ ਹਨ ਜਾਂ ਕਹਿ ਲਓ ਉਧੇੜੀਆਂ ਹਨ ਕਿ ਤੁਸੀਂ ਨਵੀਂ ਨਸਲ ਦੀ ਇਕ ਤਰ੍ਹਾਂ ਨਾਲ ਪੂਰੀ ਫਿਲਮ ਹੀ ਪੇਸ਼ ਕਰ ਦਿੱਤੀ ਹੈ, ਪੂਰੀ ਸ਼ਾਲੀਨਤਾ ਨਾਲ। ਰਵੀ ਜੀ! ਕਿਆ ਨਜ਼ਮ ਲਿਖੀ ਹੈ! ਦੀਵਾਨਾਂ ਹੋ ਗਿਆ ਹਾਂ ਮੈਂ ਤਾਂ। ਜੀਓ ਹਜ਼ਾਰੋਂ ਸਾਲ!"*

*- ਦਰਸ਼ਨ ਦਰਵੇਸ਼ -" ਪੰਜਾਬੀ ਮਾਂ"(**www.punjabimaa.com**), 8 ਦਸੰਬਰ, 2012 -*

ਦਰਸ਼ਨ ਦਰਵੇਸ਼ ਵਰਗੇ ਸੁਲਝੇ ਹੋਏ ਤੇ ਵਿਲੱਖਣ ਕਵੀ ਵਲੋਂ, ਜਿਸ ਨੇ ਫਿਲਮਕਾਰੀ ਦੇ ਖੇਤਰ ਵਿਚ ਵੀ ਜ਼ਿਕਰਯੋਗ ਪ੍ਰਾਪਤੀ ਕੀਤੀ ਹੋਵੇ, ਅਜਿਹੇ ਪ੍ਰੇਰਣਾਂ-ਭਰਪੂਰ ਸ਼ਬਦਾਂ ਦੀ ਵਰਤੋਂ , ਨਿਸ਼ਚੇ ਹੀ ਮੇਰਾ ਇਹ ਵਿਸ਼ਵਾਸ ਦ੍ਰਿੜ੍ਹ ਕਰਦੀ ਹੈ ਕਿ ਨਵੇਂ ਚਿੰਤਨ ਤੇ ਨਵੀਂ ਸੰਰਚਨਾ ਵਾਲੀਆਂ ਕਲਾ-ਕਿਰਤੀਆਂ, ਆਪਣੇ ਯੋਗ ਪਾਠਕ ਤੇ ਪ੍ਰਸ਼ੰਸਕ ਲੱਭ ਹੀ ਲੈਂਦੀਆਂ ਹਨ।

ਅੱਜ ਅਸੀਂ ਬੜੀਆਂ ਹੀ ਦੀਰਘ ਤੇ ਪੇਚੀਦਾ ਸਮੱਸਿਆਵਾਂ ਦੇ ਸਨਮੁਖ ਹਾਂ। ਇਨ੍ਹਾਂ ਦਾ ਕੋਈ ਸਰਲ ਤੇ ਸਿੱਧਾ ਹੱਲ ਨਹੀਂ ਹੈ। ਬਹੁਤ ਕੁਝ ਉਲਝ ਤੇ ਗੁਆਚ ਚੁੱਕਾ ਹੈ। ਮਾਨਸਕ ਗੁੰਝਲਾਂ ਤੇ ਨਵੀਆਂ ਚੁਣੌਤੀਆਂ ਦੇ ਸਨਮੁਖ ਸਾਡੀ ਅਜੋਕੀ ਨਵੀਂ ਨਸਲ(ਪੀੜ੍ਹੀ) ਆਪਣੇ ਆਪ ਤੋਂ ਅਤੇ ਆਪਣੇ ਪਰਵਾਰ ਤੋਂ ਦੂਰ ਹੁੰਦੀ ਜਾ ਰਹੀ ਹੈ। ਅਲਗਾਵ ਤੇ ਅਜਨਬੀਪਨ ਦਾ ਮੌਸਮ ਹੈ। ਘਰ, ਕਮਰਿਆਂ ਵਿਚ ਟੁੱਟ ਗਏ ਹਨ ਅਤੇ ਵਿਅਕਤੀ ਆਪੋ ਆਪਣੀਆਂ ਏਕਾਂਕੀ ਤੇ ਆਜ਼ਾਦ ਹਸਤੀਆਂ ਵਿਚ। ਵਿਅਕਤੀਗਤ ਆਜ਼ਾਦੀ ਨੂੰ ਰਿਸ਼ਤੇ ਵੀ ਬੋਝ ਜਾਪਦੇ ਹਨ। ਚਾਰ ਚੁਫੇਰੇ "ਮੈਂ" ਦਾ ਸੁਰ ਹੀ ਹਾਵੀ ਹੈ।

ਕਿਧਰੇ ਚੱਲਦੀ ਬੱਸ ਵਿਚ ਸਾਮੂਹਿਕ ਬਲਾਤਕਾਰ*("ਗੈਂਗ ਰੇਪ")* ਹੋ ਰਹੇ ਹਨ ਅਤੇ ਕਿਧਰੇ ਛੇ, ਛੇ, ਸੱਤ, ਸੱਤ ਸਾਲ ਦੇ ਮਾਸੂਮ ਬੱਚਿਆਂ ਦਾ ਕਤਲ-ਏ-ਆਮ ਕਰ ਦਿੱਤਾ ਜਾਂਦਾ ਹੈ*("ਅਮਰੀਕਾ: ਹਿੰਸਾ ਦਾ ਸੱਭਿਆਚਾਰ")*।

ਨੌਜਵਾਨ ਵਿਆਹ ਦੀ ਸਮਾਜਕ ਸੰਸਥਾ ਤੋਂ ਟੁੱਟ ਰਹੇ ਹਨ ਅਤੇ ਪਰਵਾਰਕ ਜ਼ਿੰਮੇਵਾਰੀਆਂ ਨੂੰ ਸੰਭਾਲਣ ਤੋਂ ਹਿਚਕਚਾ ਰਹੇ ਹਨ। ਕਲੱਬਾਂ, ਪੱਬਾਂ, ਰੀਜ਼ੌਰਟਸ ਅਤੇ ਨ੍ਰਿਤ-ਘਰਾਂ ਵਿਚ ਵਿਚਰਦੀ ਅੱਜ ਦੀ ਜਵਾਨੀ ਨੂੰ, ਸ਼ਾਦੀ ਤੋਂ ਬਿਨਾਂ ਹੀ, ਸਭ ਕੁਝ ਸੁਲੱਭ ਹੈ। ਔਲਾਦ ਵੀ, ਜੇ ਲੋੜ ਹੋਵੇ, ਤਾਂ ਗੋਦ ਲਈ ਜਾ ਸਕਦੀ ਹੈ। ਸ਼ਪਰਮ ਤੇ ਅੰਡਾ ਬੈਂਕਾਂ ਦੀ ਸਹਾਇਤਾ ਨਾਲ ਅਤੇ ਇਨਵੀਟਰੋਫਰਟੇਲਾਈਜ਼ੇਸ਼ਨ ਦੁਆਰਾ ਵੀ, ਔਲਾਦ ਪੈਦਾ ਕੀਤੀ ਜਾ ਸਕਦੀ ਹੈ।

ਇਸ ਖਪਤ–ਸੱਭਿਆਚਾਰ ਨੇ ਮਾਨਵੀ ਜ਼ਿੰਦਗੀ, ਕਦਰਾਂ ਕੀਮਤਾਂ ਅਤੇ ਮਾਨਵੀ ਸੰਬੰਧਾਂ ਨੂੰ ਵੀ ਖਪਤ ਦੀਆਂ ਵਸਤਾਂ*(Commodities*) ਬਣਾ ਕੇ ਰੱਖ ਦਿੱਤਾ ਹੈ।ਜੜ੍ਹਾਂ ਦੀ ਪਹਿਚਾਣ ਤੇਜ਼ੀ ਨਾਲ ਗੁਆਚ ਰਹੀ ਹੈ। ਗਲੋਬਲੀਕਰਨ ਨੇ ਧਰਮ, ਸਦਾਚਾਰ, ਸਿਆਸਤ, ਅਰਥਚਾਰੇ, ਸੱਭਿਆਚਾਰ, ਵਿਓਪਾਰ, ਇਤਿਹਾਸ ਅਤੇ ਵਿਅਕਤੀਗਤ ਤੇ ਸਮਾਜਕ ਜ਼ਿੰਦਗੀ ਦਾ ਜੁਗਰਾਫੀਆ ਹੀ ਵਿਗਾੜ ਕੇ ਰੱਖ ਦਿੱਤਾ ਹੈ। ਭੂਤ, ਭਵਿਖਤ ਅਤੇ ਵਰਤਮਾਨ ਜਿਵੇਂ ਇਕ ਦੂਜੇ ਨਾਲ ਉਲਝ ਪਏ ਹੋਣ। ਅਰਥਾਂ ਤੇ ਸ਼ਬਦਾਂ ਦੀ ਇਸ ਜੰਗ ਵਿਚ ਜਿਵੇਂ ਅਸੀਂ ਆਪ ਅੱਖਰ, ਅੱਖਰ ਹੋ ਕੇ, ਟੁੱਟ ਰਹੇ ਹੋਈਏ। ਚਿੰਤਨ ਤੇ ਸੋਚਾਂ ਵਿਚ ਜਿਵੇਂ ਠਣ ਗਈ ਹੋਵੇ। ਏਸ ਪ੍ਰਸੰਗ ਵਿਚ ਏਥੇ, ਏਸ ਸੰਗ੍ਰਹਿ ਦੀ ਕਵਿਤਾ: *"ਰੁੱਤਾਂ ਦੀ ਸ਼ਾਜ਼ਸ਼"* ਵਿੱਚੋਂ ਹੇਠ ਲਿਖੀਆਂ ਪੰਗਤੀਆਂ ਨੂੰ ਵਾਚਣਾਂ, ਉਚਿਤ ਹੋਵੇਗਾ:

*ਨਾਂ ਮੀਤ ਰਹੇ, ਨਾਂ ਗੀਤ ਰਹੇ,*

*ਰੁੱਤਾਂ ਵਿਚ ਸਾਜ਼ਸ਼ ਹੋਈ ਹੈ।*

*ਅੱਖਰਾਂ ਵਿਚ ਟੁੱਟੇ ਸ਼ਬਦ ਜਿਵੇਂ,*

*ਅਰਥਾਂ 'ਚ ਬਗ਼ਾਵਤ ਹੋਈ ਹੈ।*

*ਇਸ ਰੁੱਤੇ ਸੂਰਜ ਨਹੀਂ ਚੜ੍ਹਦੇ।*

*ਇਸ ਰੁੱਤੇ ਦੀਪਕ ਨਹੀਂ ਜਗਦੇ।*

*ਹੁਣ ਦਿਨ ਤੇ ਰਾਤ 'ਚ ਫਰਕ ਨਹੀਂ,*

*ਇਹ ਗ਼ਿੰਦਗੀ ਜਿਵੇਂ ਖੜੋਈ ਹੈ।*

*ਚਿੰਤਨ ਵੀ ਏਥੇ ਨਹੀਂ ਮਘਦੇ।*

*ਸੋਚਾਂ ਦੇ ਮੇਲੇ ਨਹੀਂ ਲੱਗਦੇ।*

*ਪਰਬਤ ਹੈ ਖਲਾਅ ਦਾ ਸਿਰ ਉੱਤੇ,*

*ਪਲਕਾਂ 'ਚ ਕਲਪਨਾਂ ਖੋਈ ਹੈ।*

*ਪਿੱਛਾ ਵੀ ਤਾਂ ਅੱਗੇ ਨਹੀਂ ਆਂਦਾ।*

*ਅੱਗਾ ਵੀ ਅਗੇਰੇ ਨਹੀਂ ਜਾਂਦਾ।*

*ਇਹ ਟੱਕਰ ਹੈ ਕੋਈ ਸਮਿਆਂ ਦੀ,*

*ਜਿੰਦ ਟੁਕੜੇ, ਟੁਕੜੇ ਹੋਈ ਹੈ।*

- *ਇਸ ਸੰਗ੍ਰਹਿ ਦੀ ਕਵਿਤਾ: "ਰੁੱਤਾਂ ਦੀ ਸਾਜ਼ਸ਼" ਵਿੱਚੋਂ* -

ਕੰਪਿਊਟਰ, ਸੈਟੇਲਾਈਟ, ਇੰਟਰਨੈਟ, ਫੇਸ ਬੁੱਕ, ਟਵਿਟਰ ਅਤੇ ਸੂਚਨਾ ਤਕਨਾਲੋਜੀ ਦੇ ਇਸ ਤੇਜ਼-ਰਫਤਾਰ ਯੁੱਗ ਵਿਚ, ਜਿੱਥੇ ਦੇਸ਼ ਤੇ ਕਾਲ ਦੇ ਫਾਸਲੇ ਬਹੁਤ ਘਟ ਗਏ ਹਨ, ਉੱਥੇ ਇਨਸਾਨ ਤੋਂ ਇਨਸਾਨ ਵਿਚਲੀ ਦੂਰੀ ਲਗਾਤਾਰ ਵੱਧ ਰਹੀ ਹੈ। ਇਕ ਘਰ ਵਿਚ ਬੈਠੇ ਹੋਏ ਹੋਣ ਦੇ ਬਾਵਜੂਦ ਵੀ, ਅਸੀਂ ਇਕ ਦੂਜੇ ਤੋਂ, ਕੋਂਹਾਂ ਦੂਰ ਹੋ ਗਏ ਹਾਂ। ਆਪਣੇ ਕਾਵਿ-ਨਾਟਕ: *"ਬੀਮਾਰ ਸਦੀ"(1974)* ਵਿਚ ਇਸ ਸਥਿਤੀ ਨੂੰ ਮੈਂ ਕੁਝ ਇਸ ਤਰ੍ਹਾਂ ਬਿਆਨ ਕੀਤਾ ਸੀ:

*ਇਸ ਘਰ ਤੋਂ ਘਰ ਦੇ ਅੰਦਰ ਤਕ,*

*ਦੋ ਧਰੁੱਵਾਂ ਜਿਤਨੀ ਦੂਰੀ ਹੈ।*

*ਨਾਂ ਮਿਲ ਸਕਣਾਂ ਮਜਬੂਰੀ ਹੈ।*

- *ਕਾਵਿ-ਨਾਟਕ: "ਬੀਮਾਰ ਸਦੀ"(1974) ਵਿੱਚੋਂ* -

ਤਥਾਕਥਿਤ ਮਾਰਕਸਵਾਦੀ ਦੇਸ਼ਾਂ ਵਿਚ ਵਧ ਰਹੀਆਂ ਸ਼ਰਮਾਏਦਾਰਾਨਾ ਤੇ ਆਰਥਕ-ਬਸਤੀਵਾਦੀ ਰੁਚੀਆਂ ਅਤੇ ਨੀਤੀਆਂ ਨੂੰ ਵੀ, ਇਸ ਸੰਗ੍ਰਹਿ ਦੀਆਂ ਕਵਿਤਾਵਾਂ, ਆਲੋਚਨਾਤਮਕ ਦ੍ਰਿਸ਼ਟੀ ਤੋਂ ਘੋਖਦੀਆਂ ਤੇ ਪਰਖਦੀਆਂ ਹਨ:

*ਮਾਰਕਸਵਾਦ ਤੋਂ ਬਾਅਦ,*

*ਸਟਾਲਨ ਤੇ ਮਾਓ, ਉਸ ਦੀ*

*ਨਾਜਾਇਜ਼ ਔਲਾਦ ਵਰਗੇ ਜਾਪਦੇ ਹਨ।*

*ਰੂਸ ਤੇ ਚੀਨ ਦੇ ਨਾਬਰਾਬਰੀ ਵਾਲੇ,*

*ਤਾਨਾਸ਼ਾਹੀ ਰਾਜ-ਪ੍ਰਬੰਧ,*

*ਮਾਰਕਸ ਦਾ ਸੁਫਨਾਂ ਨਹੀਂ ਸਨ!!!!!*

*(ਇਸ ਸੰਗ੍ਰਹਿ ਦੀ ਕਵਿਤਾ "ਉੱਤਰ-ਮਾਰਕਸਵਾਦ" ਵਿੱਚੋਂ)*

ਇਸ ਸੰਗ੍ਰਹਿ ਦੀਆਂ ਕਵਿਤਾਵਾਂ, *"ਨਵੀਂ ਸਦੀ ਦੀ ਨਵੀਂ ਨਸਲ"* ਦੇ ਬਹੁ-ਪਰਤੀ, ਬਹੁ-ਮੁਖੀ ਤੇ ਬਹੁ-ਦਿਸ਼ਾਵੀ ਜੱਟਿਲ ਜੀਵਨ ਦੀ ਤਸਵੀਰਕਸ਼ੀ ਦਾ ਹੀ ਇਕ ਸਾਧਨ-ਮਾਤਰ ਹਨ। ਇਹ ਜਿੱਥੇ ਸਾਡੇ ਅੱਗੇ ਕਈ ਪ੍ਰਸ਼ਨ ਖੜ੍ਹੇ ਕਰਦੀਆਂ ਹਨ, ਉੱਥੇ ਸਾਨੂੰ ਇਨ੍ਹਾਂ ਬਾਰੇ ਗੰਭੀਰਤਾ ਨਾਲ ਸੋਚਣ ਤੇ ਇਨ੍ਹਾਂ ਨਾਲ ਜੂਝਣ ਦੀ ਪ੍ਰੇਰਣਾਂ ਵੀ ਦਿੰਦੀਆਂ ਹਨ।

ਅਜੋਕੀ ਨਵੀਨ ਕਵਿਤਾ ਦੇ ਦੀਰਘ ਚਿੰਤਨ ਅਤੇ ਇਸ ਦੇ ਵਿਭਿੰਨ ਸਰੋਕਾਰਾਂ ਦੇ ਪ੍ਰਗਟਾਅ ਲਈ, ਢੁੱਕਵੇਂ ਮਾਧਿਅਮ, ਨਵੀਆਂ ਤਕਨੀਕਾਂ, ਨਵੀਆਂ ਵਿਧੀਆਂ, ਨਵੇਂ ਰੂਪਾਕਾਰਾਂ ਅਤੇ ਨਵੇਂ ਤੇ ਸਾਰਥਕ ਬਿੰਬ-ਵਿਧਾਨ ਦੀ ਲੋੜ ਹੈ।

ਰਵਿੰਦਰ ਰਵੀ